

# ਗੁਰਦੁਆਰਾ ਸਾਹਿਬ
# ਜੀ ਆਇਆਂ ਨੂੰ

**ਕੀ ਤੁਹਾਨੂੰ ਪਤਾ ਸੀ?**

ਉਚਾਰਣ ਵਿਚ 'ਗੁਰ-ਦਵਾਰਾ' ਇਸ ਦਾ ਅਸਲ ਭਾਵ ਹੈ 'ਗੁਰੂ ਦਾ ਦਵਾਰ' ਜਾਂ 'ਗੁਰੂ ਦੇ ਰਾਹੀਂ'। ਸ਼ਰਧਾਲੂ ਇੱਥੇ ਇਹ ਸਿੱਖਣ ਲਈ ਆਉਂਦੇ ਹਨ ਕਿ ਅਸੀਂ ਰੂਹਾਨੀ ਅਤੇ ਨੈਤਿਕ ਜੀਵਨ ਕਿਵੇਂ ਜਿਊਣਾ ਹੈ ਅਤੇ ਗੁਰੂ ਦੀਆਂ ਅਸੀਸਾਂ ਕਿਵੇਂ ਹਾਸਲ ਕਰਨੀਆਂ ਹਨ।

## 1 ਸੁਚੱਜਾ ਪਹਿਰਾਵਾ ਪਾਓ



ਸੁਚੱਜੇ ਕਪੜੇ ਪਾਕੇ ਆਓ: ਕੋਈ ਛੋਟੀ ਕਮੀਜ਼ ਜਾਂ ਸਕਰਟ ਨਾ ਪਾਕੇ ਆਉ, ਜਿਸ ਕਾਰਨ ਦਰਬਾਰ ਵਿੱਚ ਬੈਠਣ/ਮੱਥਾ ਟੇਕਣ ਵੇਲੇ ਆਪ ਦੀ ਪਿੱਠ ਨੰਗੀ ਹੋਵੇ। ਗੁਰਦੁਆਰਾ ਸਾਹਿਬ ਦੀ ਹੱਦ ਦੇ ਅੰਦਰ ਕੋਈ ਸ਼ਰਾਬ/ਸਿਗਰਟ/ਨਸ਼ੀਲੇ ਪਦਾਰਥ ਨਾ ਲਿਆਓ ਅਤੇ ਨਾ ਹੀ ਕੋਈ ਨਸ਼ਿਆਂ ਦਾ ਸੇਵਨ ਕਰਕੇ ਆਓ ।

## 2 ਆਪਣੇ ਬੂਟ ਅਤੇ ਜੁਰਾਬਾਂ ਉਤਾਰੋ



ਆਪਣੇ ਬੂਟ ਅਤੇ ਜੁਰਾਬਾਂ ਉਤਾਰੋ: ਗੁਰਦੁਆਰਾ ਸਾਹਿਬ ਸਾਫ ਰੱਖਣ ਲਈ ਇਹ ਕਰਨਾ ਲਾਜ਼ਮੀ ਹੈ ਅਤੇ ਗੁਰਦੁਆਰਾ ਸਾਹਿਬ ਦੇ ਮਾਲਕ, ਗੁਰੂ ਸਾਹਿਬ, ਦਾ ਅਸੀਂ ਇਸ ਤਰ੍ਹਾਂ ਸਤਿਕਾਰ ਕਰਦੇ ਹਾਂ।

## 3 ਆਪਣਾ ਸਿਰ ਢੱਕੋ



ਗੁਰਦੁਆਰਾ ਸਾਹਿਬ ਵਿਖੇ ਆਮ ਤੌਰ ਤੇ ਪਟਕਿਆਂ ਦਾ ਇੱਕ ਬਕਸਾ ਹੁੰਦਾ ਹੈ। ਤੁਸੀਂ ਪਟਕੇ ਨਾਲ ਆਪਣਾ ਸਿਰ ਢੱਕ ਸਕਦੇ ਹੋ। ਹੈਟ ਜਾਂ ਟੋਪੀ ਨਾ ਪਾਕੇ ਆਓ ਜੀ।

## 4 ਆਪਣੇ ਹੱਥ ਧੋਵੋ



ਸਾਨੂੰ ਆਪਣੇ ਬੂਟ ਉਤਾਰਣ ਤੋ ਬਾਅਦ ਅਤੇ ਖਾਸ ਤੌਰ ਤੇ ਪਾਠ ਕਰਨ ਤੋਂ ਪਹਿਲਾਂ ਆਪਣੇ ਹੱਥ ਧੋ ਲੈਣੇ ਚਾਹੀਦੇ ਹਨ।

# ਕੀ ਤੁਹਾਨੂੰ ਭੁੱਖ ਲੱਗੀ ਹੈ?

## ਆਪਣੇ ਸਰੀਰ ਨੂੰ ਭੋਜਨ ਦਿਓ

ਲੰਗਰ ਹਾਲ ਵਿਖੇ ਤੁਹਾਡੇ ਲਈ ਭੋਜਨ ਦਾ ਪ੍ਰਬੰਧ ਕੀਤਾ ਗਿਆ ਹੈ ਇਥੇ ਤੁਸੀਂ ਬਿਨਾ ਪੈਸੇ ਦਿੱਤਿਆਂ ਸ਼ਾਕਾਹਾਰੀ ਭੋਜਨ (ਲੰਗਰ) ਛੱਕ ਸਕਦੇ ਹੋ ਅਤੇ ਲੰਗਰ ਵਰਤਾਉਣ ਜਾਂ ਬਣਾਉਣ ਵਿੱਚ ਵੀ ਮਦਦ ਕਰ ਸਕਦੇ ਹੋ। ਸੇਵਾ ਵਿਚ ਹਿੱਸਾ ਪਾਉਣ ਲਈ ਕਿਰਪਾ ਕਰਕੇ ਕਿਸੇ ਵੀ ਹੋਰ ਸੇਵਾਦਾਰ ਨੂੰ ਪੁੱਛੋ।




**ਕੀ ਤੁਸੀਂ ਜਾਣਦੇ ਹੋ?**

ਲੰਗਰ ਦੁਨੀਆ ਭਰ ਦੇ ਗੁਰਦੁਆਰਿਆਂ ਵਿਖੇ ਸਵੇਰ ਤੋਂ ਰਾਤ ਤਕ ਕੋਈ ਵੀ ਭੇਦ ਭਾਵ ਕੀਤੇ ਬਿਨਾਂ, ਹਰ ਕਿਸੇ ਨੂੰ ਵਰਤਾਇਆ ਜਾਂਦਾ ਹੈ। ਲੰਗਰ ਸਿੱਖੀ ਦਾ ਇੱਕ ਸਿਧਾਂਤ ਹੈ, ਜੋ ਕਿ ਲਿੰਗ, ਜਾਤ, ਰੰਗ ਜਾਂ ਸਮਾਜਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਹਰੇਕ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਦਾ ਹੈ। ਕੁੱਝ ਗੁਰੂਦੁਆਰੇ ਰਿਹਾਇਸ਼, ਕੱਪੜੇ ਅਤੇ ਡਾਕਟਰੀ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ।



ਲੰਗਰ ਲੈਣਾ: ਤੁਹਾਨੂੰ ਕਤਾਰ ਵਿੱਚ ਖੜੇ ਹੋਣ ਦੀ ਜਾਂ ਲੰਗਰ ਵਰਤਾਏ ਜਾਣ ਦੀ ਉਡੀਕ ਕਰਨੀ ਪੈ ਸਕਦੀ ਹੈ (ਇਹ ਗੁਰੂਦੁਆਰੇ ਤੇ ਨਿਰਭਰ ਕਰਦਾ ਹੈ)। ਕਿਰਪਾ ਕਰਕੇ ਆਪਣਾ ਲੰਗਰ ਆਪ ਨਾ ਪਾਓ ਅਤੇ ਓਨਾ ਹੀ ਪਵਾਓ ਜੋ ਤੁਹਾਡੇ ਤੋਂ ਖਾਇਆ ਜਾਏ ਤਾਂ ਕਿ ਲੰਗਰ ਵਿਅਰਥ ਨਾ ਜਾਏ। ਪੰਗਤ ਵਿਚ ਹਰ ਕੋਈ ਇੱਕ ਹੀ ਪੱਧਰ ਤੇ ਇਕੱਠਿਆਂ ਬੈਠਦਾ ਹੈ ਕਿਉਂਕਿ ਅਸੀਂ ਰੱਬ ਦੀਆਂ ਨਜ਼ਰਾਂ ਵਿੱਚ ਸਾਰੇ ਬਰਾਬਰ ਹਾਂ।

ਜਦ ਤੁਸੀਂ ਲੰਗਰ ਛੱਕ ਲਿਆ, ਤਾਂ ਆਪਣੀ ਪਲੇਟ/ਗਲਾਸ ਨੂੰ ਭਾਂਡੇ ਧੋਣ ਵਾਲੀ ਜਗ੍ਹਾ ਤੇ ਲੈ ਜਾਓ। ਜੇ ਤੁਸੀਂ ਭਾਂਡੇ ਧੋਣ ਦੀ ਸੇਵਾ ਕਰਨਾ ਚਾਹੁੰਦੇ ਹੋ, ਤਾਂ ਫੇਰ ਕਿਰਪਾ ਕਰਕੇ ਦੂਜੇ ਸੇਵਾਦਾਰਾਂ ਨੂੰ ਪੁੱਛੋ। ਗੁਰੂਆਂ ਨੇ ਸਾਨੂੰ ਸਿਖਾਇਆ ਹੈ ਕਿ ਵਾਹਿਗੁਰੂ ਦਾ ਧਿਆਨ ਕਰਦਿਆਂ ਕਰਦਿਆਂ ਹੋਰਾਂ ਦੀ ਸੇਵਾ(ਭਾਂਡੇ ਧੋਣ) ਵਿੱਚ ਧਿਆਨ-ਮਗਨ ਹੋਣ ਨਾਲ ਅਸੀਂ ਨਿਮਰ ਬਣਦੇ ਹਾਂ ਅਤੇ ਸਾਡਾ ਮਨ ਸਾਫ ਹੁੰਦਾ ਹੈ।





ਲੰਗਰ ਛੱਕਣ ਤੋ ਬਾਅਦ, ਕਿਰਪਾ ਕਰਕੇ ਆਪਣੇ ਹੱਥ ਧੋਵੋ। ਤੁਸੀਂ ਹੁਣ ਦਰਬਾਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਗੁਰਬਾਣੀ ਕੀਰਤਨ ਸਿਮਰਨ ਦਾ ਅਨੰਦ ਮਾਣ ਸਕਦੇ ਹੋ ।

## ਆਪਣੀ ਆਤਮਾ ਨੂੰ ਰਜਾਓ

ਦਰਬਾਰ ਤੋਂ ਭਾਵ ਹੈ ਸ਼ਾਹੀ ਅਦਾਲਤ ਅਤੇ ਦਰਬਾਰ ਸਾਹਿਬ ਵਿਖੇ, ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਹੁੰਦਾ ਹੈ। ਗ੍ਰੰਥ ਤੋਂ ਭਾਵ ਹੈ ਸ਼ਾਸਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ, ਇਹ ਸਾਡੇ ਪਰਤੱਖ ਹਾਜ਼ਰ ਨਾਜ਼ਰ ਸਦੀਵੀ ਗੁਰੂ ਹਨ, ਇਹ ਇਕ ਕਿਤਾਬ ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਲਈ ਸੰਗਤਾਂ ਕਤਾਰ ਵਿੱਚ ਖੜੀਆਂ ਹੁੰਦੀਆਂ ਹਨ। ਗੈਰ-ਸਿੱਖ ਸਤਿਕਾਰ ਵਜੋਂ ਮੱਥਾ ਟੇਕ ਸਕਦੇ ਹਨ। ਮੱਥਾ ਟੇਕਣ ਨਾਲ ਤੁਸੀਂ ਸਿੱਖ ਨਹੀਂ ਬਣ ਜਾਂਦੇ। ਵਿਅਕਤੀ ਸਿਰਫ ਉਸ ਦੀ ਕਰਨੀ ਦੇ ਜ਼ਰੀਏ ਹੀ ਸਿੱਖ ਬਣ ਸਕਦਾ ਹੈ।





ਗੁਰੂ ਗ੍ਰੰਥ ਸਾਹਿਬ ਜੀ ਦੇ ਤਖਤ ਦੇ ਨੇੜੇ, ਇਕ ਅਜਿਹੀ ਜਗ੍ਹਾ ਹੁੰਦੀ ਹੈ ਜਿੱਥੋਂ ਰਾਗੀ ਢਾਡੀ ਗੁਰਬਾਣੀ ਕੀਰਤਨ, ਕਥਾ ਅਤੇ ਧਾਰਮਿਕ ਕਵਿਤਾਵਾਂ ਗਾ ਸਕਦੇ ਹਨ। ਗੁਰੂ ਜੀ ਕਵੀਸ਼ਰੀ ਅਤੇ ਰਾਗਾਂ ਦੀ ਜਾਣਕਾਰੀ ਰਖਦੇ ਸਨ ਅਤੇ ਉਨ੍ਹਾਂ ਨੇ ਸਾਨੂੰ ਭਗਤੀ ਵਿਚ ਇਹਨਾਂ ਨੂੰ ਵਰਤਣ ਲਈ ਉਤਸਾਹਿਤ ਕੀਤਾ ਹੈ।

**ਕੀ ਤੁਸੀਂ ਜਾਣਦੇ ਹੋ?**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜਾਗਦੇ ਹਾਜ਼ਰ ਨਾਜ਼ਰ ਅਧਿਆਤਮਕ ਗੁਰੂ ਹਨ ਅਤੇ ਉਹਨਾਂ ਦਾ ਅਸੀਂ ਸਤਿਕਾਰ ਕਰਦੇ ਹਾਂ। ਅਸੀਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਫ ਸੁਥਰੇ ਬਣਕੇ, ਸੁਚੱਜੇ ਬਣਕੇ, ਨੰਗੇ-ਪੈਰੀ ਅਤੇ ਆਪਣਾ ਸਿਰ ਢੱਕਕੇ ਆ ਸਕਦੇ ਹਾਂ। ਗੁਰੂ ਜੀ ਸਾਡੇ ਰੂਹਾਨੀ ਅਤੇ ਰਾਜਨੀਤਕ ਰਾਜਾ ਹਨ ਅਤੇ ਸਾਰੀ ਮਨੁੱਖਤਾ ਨੂੰ ਭੋਜਨ ਅਤੇ ਸੁਰੱਖਿਆ ਪਰਦਾਨ ਕਰਦੇ ਹਨ। ਇਸ ਕਰਕੇ ਤੁਸੀਂ ਗੁਰੂ ਜੀ ਦੇ ਸਾਮ੍ਹਣੇ ਕਿਰਪਾਨਾਂ ਅਤੇ ਹਥਿਆਰਾਂ ਦੀ ਸਜਾਵਟ ਦੇਖ ਸਕਦੇ ਹੋ (ਸ਼ਾਹੀ ਬਿੱਲਾ)।

ਦਰਬਾਰ ਸਾਹਿਬ ਵਿਖੇ, ਗੁਰੂ ਸਾਹਿਬ ਦੀ ਅਸੀਸ ਵਜੋਂ ਬਖਸ਼ਿਆ ਹੋਇਆ, ਪਰਸ਼ਾਦ ਵਰਤਾਇਆ ਜਾ ਰਿਹਾ ਹੋਵੇਗਾ। ਤੁਸੀਂ ਦੋਵੇਂ ਹੱਥ ਜੋੜਕੇ ਪਰਸ਼ਾਦ ਲੈ ਸਕਦੇ ਹੋ। ਤਸੀਂ ਆਪਣੇ ਹੱਥਾਂ ਨੂੰ ਸਾਫ ਕਰਨ ਲਈ ਟਿਸ਼ੂ ਲੈ ਸਕਦੇ ਹੋ ਜਾਂ ਹੱਥਾਂ ਨੂੰ ਧੋ ਸਕਦੇ ਹੋ।





ਕੁੱਝ ਗੁਰੂਦੁਆਰਿਆਂ ਵਿੱਚ ਬੰਦੇ ਅਤੇ ਬੀਬੀਆਂ ਦੇ ਬੈਠਣ ਲਈ ਅਲਗ ਭਾਗ ਬਣੇ ਹੁੰਦੇ ਹਨ ਅਤੇ ਕੁੱਝ ਗੁਰੂਦੁਆਰਿਆਂ ਵਿਚ ਬੰਦੇ ਅਤੇ ਬੀਬੀਆਂ ਇਕੱਠੇ ਬੈਠ ਸਕਦੇ ਹਨ। ਜ਼ਿਆਦਾਤਰ ਲੋਕ ਚੌਂਕੜੀ ਮਾਰ ਕੇ ਗੁਰੂ ਵੱਲ ਮੂੰਹ ਕਰਕੇ ਬੈਠਦੇ ਹਨ। ਦਰਬਾਰ ਸਾਹਿਬ ਵਿਚ ਬੈਠਦੇ ਸਮੇਂ ਗੁਰੂ ਵੱਲ ਆਪਣੀ ਪਿੱਠ ਨਾ ਕਰੋ ਜੀ ਅਤੇ ਨਾਂਹੀ ਉਸ ਦਿਸ਼ਾ ਵਲ ਆਪਣੇ ਪੈਰ ਕਰੋ।



ਕਿਰਪਾ ਕਰਕੇ ਚੁੱਪ ਦਾ ਦਾਨ ਬਖਸ਼ੋ ਜੀ ਅਤੇ ਸ਼ਾਂਤ ਮਾਹੌਲ ਬਣਾਈ ਰਖੋ। ਤੁਹਾਨੂੰ ਭਜਨ ਬੰਦਗੀ ਅਤੇ ਪਾਠ ਸੁਣਨ/ਪੜਨ ਲਈ, ਧਿਆਨ ਲਗਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜੇ ਤੁਹਾਨੂੰ ਕੁਝ ਵੀ ਸਮਝਣ ਵਿਚ ਦਿੱਕਤ ਆ ਰਹੀ ਹੈ ਤਾਂ ਤੁਸੀਂ ਕਿਸੇ ਨੂੰ ਵੀ ਤਰਜਮਾ ਕਰਨ ਲਈ ਕਹਿ ਸਕਦੇ ਹੋ ਜਾਂ ਤੁਸੀਂ, ਆਪਣੀ ਭਾਸ਼ਾ ਵਿਚ ਲਿਟਰੇਚਰ/ਕਲਾਸਾਂ ਜਾਂ ਚਰਚਾ ਬਾਰੇ ਪੁਛ ਸਕਦੇ ਹੋ।

Basics of Sikhi

ਕੀ ਤੁਸੀਂ ਸਿੱਖੀ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹ?
ਇਸ ਯੂਟਿਊਬ ਚੈਨਲ ਨੂੰ ਦੇਖੋ
ਚਰਚਾ - ਸਵਾਲ ਜਵਾਬ - ਗਰਬਾਣੀ ਕੀਰਤਨ/ਪਾਠ ਦੀ ਵਿਆਖਿਆ

basicsofsikhi.com
youtube.com/basicsofsikhi